# Press Note

**JAGAT GURU NANAK DEV PUNJAB STATE OPEN UNIVERSITY, PATIALA**

(Established by Act No.19 of 2019 of Legislature of the State of Punjab)

**PSOU/PRC/2025/145** **27 ਫਰਵਰੀ 2025**

## ਓਪਨ ਯੂਨੀਵਰਸਿਟੀ ਵੱਲੋਂ ਆਈ.ਐਫ.ਐਮ ਫਿਨਕੋਚ ਗਲੋਬਲ ਨਾਲ MoU ਸਾਈਨ

**27 ਫਰਵਰੀ 2025**

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਨੇ ਸ੍ਰੀ ਕੇ. ਕੇ. ਯਾਦਵ (ਆਈ.ਏ.ਐਸ) ਮਾਣਯੋਗ ਵਾਈਸ ਚਾਂਸਲਰ ਦੀ ਅਗਵਾਈ ਹੇਠ 27 ਫ਼ਰਵਰੀ 2025 ਨੂੰ ਆਈ.ਐਫ.ਐਮ ਫਿਨਕੋਚ ਗਲੋਬਲ ਪ੍ਰਾਈਵੇਟ ਲਿਮਿਟਡ ਮੋਹਾਲੀ ਨਾਲ MoU ਸਾਈਨ ਕੀਤਾ। ਇਹ MoU ਅਕਾਦਮਿਕਤਾ ਸਮਰੱਥਾ ਨੂੰ ਵਧਾਉਣ ਦੇ ਉਦੇਸ਼ ਨਾਲ ਦੋਵਾਂ ਸੰਸਥਾਵਾਂ ਵਿੱਚ ਸਾਂਝੇ ਸਹਿਯੋਗ ਨੂੰ ਮਜ਼ਬੂਤ ਕਰੇਗਾ। ਇਸ ਮੌਕੇ ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ, ਰਜਿਸਟਰਾਰ ਨੇ ਕਿਹਾ ਕਿ ਇਹ ਸਮਝੌਤਾ ਵਿਦਿਆਰਥੀਆਂ ਦੀ ਯੋਗਤਾ ਦੇ ਵਿਕਾਸ ਲਈ ਵਿਦਿਅਕ ਸਹਿਯੋਗ ਲਈ ਸਹਾਈ ਹੋਵੇਗਾ। । ਇਸ ਮੈਂਮਰੰਡਮ ਦੇ ਤਹਿਤ, ਆਈ.ਐਫ.ਐਮ ਫਿਨਕੋਚ ਗਲੋਬਲ ਯੂਨੀਵਰਸਿਟੀ ਵੱਲੋਂ ਚਲਾਏ ਜਾ ਰਹੇ ਬੈਂਕਿੰਗ ਫਾਈਨੈਂਸ਼ੀਅਲ ਸਰਵਿਸਿਸ ਸੇਵਾਵਾਂ ਨਾਲ ਸੰਬੰਧਤ ਕੋਰਸਾਂ ਲਈ ਗਿਆਨ ਸਾਥੀ ਵਜੋਂ ਕੰਮ ਕਰੇਗਾ।

ਡਾ. ਕਰਨ ਸੁਖੀਜਾ, ਮੁਖੀ, ਪਲੈਨਿੰਗ ਐਂਡ ਰਿਸੋਰਸ ਮੋਬਲਾਈਜੇਸ਼ਨ ਸੈਲ ਨੇ ਯੂਨੀਵਰਸਿਟੀ ਦੇ ਵਿਜ਼ਨ ਅਤੇ ਮਿਸ਼ਨ ਬਾਰੇ ਜਾਣਕਾਰੀ ਦਿੱਤੀ। ਡਾ. ਬਲਪ੍ਰੀਤ ਸਿੰਘ, ਕੋਆਰਡੀਨੇਟਰ ਨੇ ਇਸ ਦੇ ਉਦੇਸ਼ ਅਤੇ ਵਿਦਿਆਰਥੀਆਂ ਲਈ ਕਰੀਅਰ ਮੌਕਿਆਂ ਤੇ ਪੈਣ ਵਾਲੇ ਪ੍ਰਭਾਵ ਬਾਰੇ ਜਾਣਕਾਰੀ ਦਿੱਤੀ।

ਸ੍ਰੀ ਸੁਖਜੀਤ ਸਿੰਘ ਬਜਾਜ, ਆਈ.ਐਫ.ਐਮ ਫਿਨਕੋਚ ਦੇ CEO ਨੇ ਦੋਵਾਂ ਟੀਮਾਂ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ। ਇਸ ਮੌਕੇ ਡਾ. ਸ਼ੈਫ਼ਾਲੀ ਬੇਦੀ, ਡਾ. ਪੂਜਾ ਅਗਰਵਾਲ ਅਤੇ ਡਾ. ਧਰਮਿੰਦਰ ਸਿੰਘ ਵੀ ਮੌਜੂਦ ਸਨ।

ਡਾਇਰੈਕਟਰ
ਲੋਕ ਸੰਪਰਕ

Director Public Relations Cell
Jagat Guru Nanak Dev
Punjab State Open University
Patiala – 147001(PB) INDIA

Photos







Links

https://www.instagram.com/jagat_guru_nanak_dev_psou/p/DGkrT2_vSQe/

https://www.facebook.com/photo/?fbid=122237468336031399&set=a.122130675002031399